ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030409
Available online at: www.armaan.org.in
DOI: https://doi.org/10.64119/armaan.vol.3.issue4.09

# ਡਾ. ਜਗਤਾਰ ਕਾਵਿ ਵਿਚ ਪੇਸ਼ ਮਾਨਵੀ ਸੰਤਾਪ

# Dr. Jagatar Kav Vich Pesh Manvi Santap

**ਰਾਜਵੀਰ ਕੌਰ (Rajveer Kaur)**
**ਖੋਜਾਰਥਣ, ਪੰਜਾਬੀ ਅਧਿਐਨ ਸਕੂਲ (Research Scholar, Punjabi Studies School)**
**ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ (ਪੰਜਾਬ)**
**Email ID: kaurrajveer831@gmail.com ਮੋਬਾਈਲ: +91-8283939013**

**ਸਾਰ (Abstract)**

*ਡਾ. ਜਗਤਾਰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇਕ ਸਥਾਪਿਤ ਨਾਮ ਹੈ। ਉਸਨੇ ਪਿਛਲੀ ਅੱਧੀ ਸਦੀ ਤੋਂ ਲੈ ਕੇ 21ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਮਨੁੱਖੀ ਹੋਣੀ ਨਾਲ ਸਬੰਧਤ ਵਿਭਿੰਨ ਪਰਤਾਂ ਨੂੰ ਆਪਣੀ ਕਵਿਤਾ ਵਿਚ ਫੜਨ ਦਾ ਯਤਨ ਕੀਤਾ ਹੈ। ਉਸਦੀ ਦੀ ਕਾਵਿ ਰਚਨਾ ਮਨੁੱਖੀ ਅਸਤਿਤਵ ਦੀਆਂ ਉਹਨਾਂ ਜਟਿਲਤਾਵਾਂ ਨੂੰ ਉਘਾੜਦੀ ਹੈ ਜੋ ਸਮਾਜਕ, ਆਰਥਿਕ ਅਤੇ ਵਿਗਿਆਨਕ ਵਿਕਾਸ ਦੇ ਦਿਖਾਈ ਦੇਣ ਵਾਲੇ ਪਰਛਾਵੇਂ ਦੇ ਪਿੱਛੇ ਲੁਕੀਆਂ ਹੋਈਆਂ ਹਨ। ਡਾ. ਜਗਤਾਰ ਦੀ ਕਵਿਤਾ ਵਿਚ ਇਹ ਪੱਖ ਉਜਾਗਰ ਹੁੰਦਾ ਹੈ ਕਿ ਮਨੁੱਖੀ ਵਿਕਾਸ ਦੇ ਨਾਮ 'ਤੇ ਹੋ ਰਿਹਾ ਬਦਲਾਅ ਅਸਲ ਵਿੱਚ ਇਕ ਭਰਮ ਹੈ, ਜਦਕਿ ਹਕੀਕਤ ਇਸ ਤੋਂ ਕਾਫ਼ੀ ਵੱਖਰੀ ਅਤੇ ਕਠੋਰ ਹੈ। ਡਾ. ਜਗਤਾਰ ਦੀ ਕਾਵਿ ਰਚਨਾ ਵਿਚ ਪਿਛਲੀ ਅੱਧੇ ਸਦੀ ਦੇ ਇਤਿਹਾਸਕ ਤੇ ਸਮਾਜਕ ਪ੍ਰਸੰਗਾਂ ਵਿਚ ਪੂੰਜੀਵਾਦੀ ਲੁੱਟ, ਸਾਮਰਾਜਵਾਦ, ਬਸਤੀਵਾਦ, ਵਿਸ਼ਵੀਕਰਨ, ਉਦਾਰੀਕਰਨ ਅਤੇ ਮੰਡੀਕਰਨ ਵਰਗੇ ਸੰਕਲਪ ਕੇਂਦਰੀ ਸਥਾਨ ਰੱਖਦੇ ਹਨ। ਇਹ ਸੰਕਲਪ ਮਨੁੱਖਤਾ ਲਈ ਪ੍ਰਗਤੀ ਜਾਂ ਮੁਕਤੀ ਨਹੀਂ ਲਿਆਉਂਦੇ, ਸਗੋਂ ਦਮਨ, ਸੰਤਾਪ, ਲਾਚਾਰੀ ਅਤੇ ਮਜ਼ਬੂਰੀ ਦੀਆਂ ਸਥਿਤੀਆਂ ਨੂੰ ਹੋਰ ਡੂੰਘਾ ਕਰਦੇ ਹਨ। ਪ੍ਰਗਤੀਸ਼ੀਲ ਲਹਿਰ ਦੇ ਵਿਚਾਰਧਾਰਕ ਆਧਾਰ ਉਸ ਲਈ ਸਿਰਫ਼ ਇੱਕ ਸਿਧਾਂਤਕ ਸਰੋਤ ਨਹੀਂ ਹਨ, ਬਲਕਿ ਉਸਦੀ ਕਾਵਿ- ਅਭਿਵਿਅਕਤੀ ਦੇ ਮੁੱਖ ਹਥਿਆਰ ਹਨ। ਡਾ. ਜਗਤਾਰ ਦੀਆਂ ਕਾਵਿ ਰਚਨਾਵਾਂ ਵਿਚਲੇ ਮਨੁੱਖੀ ਦਰਦ, ਦਮਨ ਅਤੇ ਸੰਤਾਪ ਆਦਿ ਕੇਂਦਰੀ ਸਰੋਕਾਰ ਉਸਨੂੰ ਪੰਜਾਬੀ ਕਵਿਤਾ ਦੇ ਇਕ ਵਿਲੱਖਣ ਸ਼ਾਇਰ ਵਜੋਂ ਸਥਾਪਿਤ ਕਰਦੇ ਹਨ। ਹਥਲੇ ਖੋਜ ਪੱਤਰ ਵਿਚ ਡਾ. ਜਗਤਾਰ ਕਾਵਿ ਵਿਚ ਪੇਸ਼ ਹੋਏ ਮਾਨਵੀ ਸੰਤਾਪ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।*

***ਕੀਵਰਡ (Keyword):*** *ਸਮਾਜਕ ਵਿਕਾਸ, ਵਿਸ਼ਵੀਕਰਨ, ਪੂੰਜੀਵਾਦ, ਮਾਨਵੀ ਸੰਤਾਪ, ਸਮਾਜਕ ਚੇਤਨਾ, ਆਰਥਿਕ ਬੇਵਸੀ, ਮਨੁੱਖੀ ਸ਼ੋਸ਼ਣ।*

ਡਾ. ਜਗਤਾਰ ਆਧੁਨਿਕ ਪੰਜਾਬੀ ਕਵੀਆਂ ਵਿਚ ਇੱਕ ਸਥਪਿਤ ਨਾਂ ਹੈ। ਉਸ ਨੂੰ ਪ੍ਰਗਤੀਸ਼ੀਲ ਤੇ ਜੁਝਾਰਵਾਦੀ ਵਿਚਾਰਧਾਰਾ ਦੇ ਪ੍ਰਤੀਨਿਧ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ। ਡਾ. ਜਗਤਾਰ ਵੀਹਵੀਂ ਸਦੀ ਦੇ ਪਿਛਲੇ ਪੰਜ ਦਹਾਕਿਆਂ ਅਤੇ ਇੱਕੀਵੀਂ ਸਦੀ ਦੇ ਸ਼ੁਰੂਆਤੀ ਸਮੇਂ ਵਿਚ ਮਨੁੱਖੀ ਜੀਵਨ ਦੇ ਦਰਦ ਅਤੇ ਸੰਤਾਪ ਦੀ ਪਰਤ ਦਰ ਪਰਤ ਯਥਾਰਥਕ ਤਸਵੀਰਕਸ਼ੀ ਕਰਦਾ ਹੈ। ਉਹ ਕਵਿਤਾ ਰਾਹੀਂ ਮਨੁੱਖੀ ਹੋਣੀ ਦੀਆਂ ਮਾਨਸਿਕ ਤੇ ਸਮਾਜਕ ਉਲਝਣਾਂ ਨੂੰ ਸਮਝਣ ਅਤੇ ਉਨ੍ਹਾਂ ਪ੍ਰਤੀ ਚੇਤਨਾ ਪੈਦਾ ਕਰਨ ਦਾ ਕਾਰਜ ਵੀ ਕਰਦਾ ਹੈ। ਉਸਨੇ ਰੁੱਤਾਂ ਰਾਂਗਲੀਆਂ, ਦੁੱਧ ਪਥਰੀ, ਜੁਗਨੂੰ ਦੀਵਾ ਤੇ ਦਰਿਆ, ਪ੍ਰਵੇਸ਼ ਦੁਆਰ, ਮੋਮ ਦੇ ਲੋਕ, ਲਹੂ ਦੇ ਨਕਸ਼, ਸ਼ੀਸ਼ੇ ਦਾ ਜੰਗਲ, ਜ਼ਜ਼ੀਰਿਆਂ ਵਿਚ ਘਿਰਿਆ ਸਮੁੰਦਰ ਆਦਿ ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ ਹਨ। ਉਸ ਦੀ ਕਵਿਤਾ ਵਿਚ ਮਨੁੱਖੀ ਸੰਤਾਪ ਇੱਕ ਕੇਂਦਰੀ ਵਿਸ਼ੇ ਵਜੋਂ ਸਾਹਮਣੇ ਆਉਂਦਾ ਹੈ। ਆਧੁਨਿਕ ਸਮਾਜ ਵਿਚ ਪੂੰਜੀਵਾਦ, ਵਿਸ਼ਵੀਕਰਨ, ਬਸਤੀਵਾਦ, ਮੰਡੀਕਰਨ ਅਤੇ ਉਦਾਰੀਕਰਨ ਨੇ ਜਿਸ ਤਰ੍ਹਾਂ ਮਨੁੱਖੀ ਅਸਤਿਤਵ ਨੂੰ ਜਕੜਿਆ ਹੈ, ਉਹ ਡਾ. ਜਗਤਾਰ ਦੀ ਸ਼ਾਇਰੀ ਵਿੱਚ ਭਲੀਭਾਂਤ ਪ੍ਰਗਟ ਹੁੰਦਾ ਹੈ। ਇਹ ਸੰਤਾਪ ਕੇਵਲ ਭੌਤਿਕ ਪੱਧਰ ਦਾ ਨਹੀਂ ਸਗੋਂ ਮਾਨਸਿਕ ਅਤੇ ਆਤਮਿਕ ਪੱਧਰ 'ਤੇ ਵੀ ਹੈ। ਡਾ. ਜਗਤਾਰ ਦੀ ਕਵਿਤਾ ਮਨੁੱਖੀ ਸੰਤਾਪ ਦਾ ਇੱਕ ਜੀਵੰਤ ਦਸਤਾਵੇਜ਼ ਹੋ ਨਿਬੜਦੀ ਹੈ, ਜੋ ਸਿਰਫ਼ ਮਨੁੱਖੀ ਦਰਦ ਦੀ ਬਿਆਨਬਾਜ਼ੀ ਨਹੀਂ ਕਰਦਾ ਸਗੋਂ ਸਮਾਜਕ ਬਦਲਾਅ ਲਈ ਚੇਤਨਾ ਵੀ ਪੈਦਾ ਕਰਦਾ ਹੈ।

ਡਾ. ਜਗਤਾਰ ਦੀ ਕਵਿਤਾ ਮਨੁੱਖੀ ਜੀਵਨ ਦੇ ਅੰਦਰੂਨੀ ਵਿਰੋਧਾਭਾਸ, ਚਿੰਤਾਵਾਂ ਅਤੇ ਸੰਤਾਪਾਂ ਦੀ ਸੰਵੇਦਨਸ਼ੀਲ ਅਭਿਵਿਅਕਤੀ ਹੈ। ਉਸ ਦੀ ਕਵਿਤਾ ਵਿਚ ਮਨੁੱਖੀ ਜੀਵਨ ਦੀ ਉਦਾਸੀ, ਇਕੱਲਤਾ, ਉਡੀਕ, ਵਿਯੋਗ ਪ੍ਰਮੁੱਖ ਮੋਟਿਫ਼ ਉਜਾਗਰ ਹੁੰਦੇ ਹਨ। ਡਾ. ਜਗਤਾਰ ਮਨੁੱਖੀ ਜੀਵਨ ਦੀ ਇਕੱਲਤਾ ਦੇ ਅਨੁਭਵ ਨੂੰ ਬਹੁਤ ਗਹਿਰਾਈ ਨਾਲ ਪੇਸ਼ ਕਰਦਾ ਹੈ। ਉਹ ਮਨੁੱਖ ਦੇ ਅੰਦਰਲੇ ਡਰ, ਮਨੋਵਿਗਿਆਨਕ ਗੁੰਝਲਾਂ ਅਤੇ ਭਟਕਣ ਦਾ ਵਿਸ਼ਲੇਸ਼ਣ ਕਰਦਾ ਹੈ। ਕਵੀ ਅਕਸਰ ਵਿਅਕਤੀ ਦੀ ਅਜਿਹੀ ਨਿੱਜਤਾ ਨੂੰ ਸਾਹਮਣੇ ਲਿਆਉਂਦਾ ਹੈ ਜੋ ਆਪਣੇ ਮਨ ਦੀਆਂ ਗੱਲਾਂ ਨਾ ਸਿਰਫ਼ ਹੋਰਾਂ ਤੋਂ ਸਗੋਂ ਆਪਣੇ ਆਪ ਤੋਂ ਵੀ ਲੁਕਾਉਂਦੀ ਹੈ। ਇਸ ਤਰਾਂ ਵਿਅਕਤੀ ਆਪਣੇ ਆਸ-ਪਾਸ ਦੀ ਚਮਕ - ਦਮਕ ਵਿਚ ਵੀ ਅਸੁਰੱਖਿਅਤ ਮਹਿਸੂਸ ਕਰਦਾ ਹੈ। ਡਾ. ਜਗਤਾਰ ਮਨੁੱਖੀ ਉਦਾਸੀ ਅਤੇ ਭਟਕਣ ਨੂੰ ਪੇਸ਼ ਕਰਨ ਲਈ ਅਜਿਹੇ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਦਾ ਹੈ ਜੋ ਮਨੁੱਖ ਨੂੰ ਬੇ-ਉਮੀਦ ਹੋਣ ਦੀ ਸੂਚਨਾ ਦਿੰਦੇ ਹਨ:

*ਹੰਝੂਆਂ ਦੀ ਲੋ ਸਹਾਰੇ ਕਿੰਨਾ ਕੁ ਤੁਰ ਸਕਾਂਗਾ*
*ਜੁਗਨੂੰ ਚਰਾਗ ਤਾਰਾ ਕਿਧਰੇ ਨਜ਼ਰ ਨਾ ਆਏ*
*ਪੱਥਰਾਂ ਦੇ ਸ਼ਹਿਰ ਅੰਦਰ ਪਿੱਤਲ ਦੇ ਲੋਕ ਅੰਨ੍ਹੇ*
*ਸ਼ੀਸ਼ੇ ਜਿਹਾ ਇਹ ਦਿਲ ਹੈ ਕਿਸਨੂੰ ਕੋਈ ਵਖਾਏ।*[1]

 Received: 10 Nov. 2025 Accepted: 30 Nov. 2025 Published: 05 Dec. 2025

ਡਾ. ਜਗਤਾਰ ਨੇ ਆਪਣੀਆਂ ਕਵਿਤਾਵਾਂ ਵਿੱਚ ਮਨੁੱਖ ਦੀ ਇਕੱਲਤਾ, ਵਿਸੰਗਤੀ ਦੀ ਭਾਵਨਾ, ਸਨਕੀਪਨ ਨੂੰ ਪੇਸ਼ ਕੀਤਾ ਹੈ। ਆਧੁਨਿਕ ਮਨੁੱਖ, ਮਨੁੱਖੀ ਭਾਈਚਾਰੇ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ। ਲੋਕਾਂ ਦੀ ਆਪਸੀ ਸਾਂਝ ਬਿਲਕੁਲ ਖ਼ਤਮ ਹੋ ਚੁੱਕੀ ਹੈ। ਜਗਤਾਰ ਨੇ ਆਪਣੀ ਕਵਿਤਾ ਵਿੱਚ ਇਹ ਵੀ ਦਰਸਾਇਆ ਹੈ ਕਿ ਕਿਸ ਤਰ੍ਹਾਂ ਗਰੀਬੀ ਤੋਂ ਤੰਗ ਆ ਕੇ ਮਨੁੱਖ ਬੁਰਜ਼ੂਆ ਸ਼੍ਰੇਣੀ ਅਧੀਨ ਰਹਿੰਦਾ ਹੈ। ਰੋਜ਼ੀ-ਰੋਟੀ ਦੀ ਪ੍ਰਾਪਤੀ ਲਈ ਉਹ ਬੁਰਜ਼ੂਆ ਸ਼੍ਰੇਣੀ ਦੀ ਹਰ ਪ੍ਰਕਾਰ ਦੀ ਅਧੀਨਗੀ ਸਵੀਕਾਰ ਕਰਦਾ ਹੈ। ਸਧਾਰਨ ਮਨੁੱਖ ਜ਼ਿੰਦਗੀ ਵਿੱਚ ਆਈਆਂ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੀ ਬਜਾਏ ਬੇਵਸ ਹੋ ਕੇ ਚੁੱਪ ਧਾਰਨ ਕਰ ਲੈਂਦਾ ਹੈ । ਡਾ. ਜਗਤਾਰ ਦੀ ਪੁਸਤਕ 'ਦੁੱਧ-ਪਥਰੀ' ਦੀਆਂ ਕਵਿਤਾਵਾਂ ਵਿਅਕਤੀਗਤ ਸੰਤਾਪ ਤੋਂ ਲੈ ਕੇ ਸਮੂਹਿਕ ਸੰਤਾਪ ਅਤੇ ਵਿਦਰੋਹੀ ਚੇਤਨਾ ਤੱਕ ਦੀ ਯਾਤਰਾ ਨੂੰ ਦਰਸਾਉਂਦੀਆਂ ਹਨ। ਕਵੀ ਮਨੁੱਖੀ ਚੁੱਪ ਨੂੰ ਨਿਰਾਸ਼ਾ ਅਤੇ ਵਿਅਕਤੀਗਤ ਔਕੜਾਂ ਦਾ ਮੁੱਖ ਕਾਰਨ ਮੰਨਦਾ ਹੈ । ਇਹ ਚੁੱਪ ਸਿਰਫ਼ ਸ਼ਬਦਾਂ ਦੀ ਨਹੀਂ ਬਲਕਿ ਚੇਤਨਾ ਦੀ ਚੁੱਪ ਹੈ ਜਿਸਨੂੰ ਕਵੀ ਇੱਕ ਸਿਆਸੀ ਅਤੇ ਅਧਿਆਤਮਕ ਲਾਚਾਰੀ ਦੇ ਰੂਪ ਵਿਚ ਪੇਸ਼ ਕਰਦਾ ਹੈ:

*ਪਤਝੜ ਦੀ ਰਾਤ ਦਾ ਅਹਿਮ ਪਹਿਰ ਹੈ*
*ਪਰ ਅਜੇ ਕੋਈ ਜਾਗਿਆ ਨਹੀਂ*
*ਕਿਉਂ ਨਾ ਇਸ ਨ੍ਹੇਰੇ ਦੇ ਪਰਦੇ ਵਿਚ*
*ਸਦਾ ਲਈ ਗੁੰਮ ਜਾਵਾਂ*
*ਕੌਣ ਮੈਨੂੰ ਜਾਣ ਲੱਗੇ ਨੂੰ ਪਿਆ ਹੈ ਵੇਖਦਾ*
*ਸਾਰੇ ਜੰਜਾਲਾਂ ਦਾ ਛੁਟਕਾਰਾ ਹੈ ਇਹ।*[2]

ਡਾ. ਜਗਤਾਰ ਦੀ ਕਵਿਤਾ ਇੱਕ ਵਾਜਬ ਸਵਾਲ ਉਠਾਉਂਦੀ ਹੈ ਕਿ ਮਨੁੱਖੀ ਮੁੱਲਾਂ ਨੂੰ ਆਰਥਿਕ ਲਾਭ ਲਈ ਕਿਉਂ ਕੁਚਲਿਆ ਜਾ ਰਿਹਾ ਹੈ। ਕਵੀ ਮਿਹਨਤ ਕਰਕੇ ਰੋਟੀ ਕਮਾਉਣ ਵਾਲੇ ਮਜ਼ਦੂਰ ਵਰਗ ਦੇ ਗਰੀਬੀ ਅਤੇ ਆਰਥਿਕ ਮੰਦਹਾਲੀ ਭਰੇ ਜੀਵਨ ਦੀ ਤਸਵੀਰ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਪੂਰੇ ਸਮਾਜ ਵਿਚ ਆਰਥਿਕਤਾ ਨਾਲ ਜੂਝਦੇ ਇਸ ਵਰਗ ਦੀ ਤਸਵੀਰ ਖੰਡਿਤ ਤੇ ਸੰਤਾਪ ਹੰਢਾਉਂਦੇ ਲੋਕਾਂ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਉਸਦੀ ਕਵਿਤਾ ਆਧੁਨਿਕ ਪੰਜਾਬੀ ਸਾਹਿਤ ਵਿੱਚ ਇੱਕ ਸੰਵੇਦਨਸ਼ੀਲ ਤੇ ਸਮਾਜ-ਚੇਤਨ ਅਭਿਵਿਅਕਤੀ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਡਾ. ਗੁਰਇਕਬਾਲ ਸਿੰਘ ਲਿਖਦੇ ਹਨ

*"ਜਗਤਾਰ ਵੀ ਇਸ ਬਾਰੇ ਚੇਤਨ ਕਵੀ ਹੈ, ਕਿਉਂਕਿ ਗਰੀਬੀ, ਲੋੜਾਂ, ਥੁੜ੍ਹਾਂ ਅਤੇ ਤੰਗੀਆਂ ਦੇ ਦਰਦ ਨੂੰ ਉਸਨੇ ਪਿੰਡੇ 'ਤੇ ਹੰਢਾਇਆ ਹੈ। ਪ੍ਰਾਪਤ ਵਸਤੂਗਤ ਯਥਾਰਥ ਦੇ ਤਿੜਕੇ ਮਨੁੱਖ ਦੀ ਗਾਥਾ ਅਸਲ ਵਿਚ ਪੂੰਜੀਵਾਦੀ ਤਾਕਤਾਂ ਦੁਆਰਾ ਮਨੁੱਖੀ ਮੁੱਲ ਵਿਧਾਨ ਦੇ ਕਤਲ ਦਾ ਪਰਿਪੇਖ ਨਿਰਧਾਰਤ ਕਰਦਾ ਹੈ। ਜਨਤਾ ਦੀ ਬੇਬਸੀ, ਤਰਸ, ਸੁਪਨਿਆਂ ਦਾ ਕਤਲ ਅਤੇ ਮਾਨਵੀ ਸੰਤਾਪ ਆਦਿ ਦੇ ਮਹੱਤਵਪੂਰਨ ਪ੍ਰਸ਼ਨਾਂ ਦਾ ਸੰਸਾਰ ਜਗਤਾਰ ਦੇ ਸਾਹਮਣੇ ਹੈ।"*[3]

ਡਾ. ਜਗਤਾਰ ਮਜ਼ਦੂਰ ਵਰਗ ਦੇ ਜੀਵਨ ਸੰਘਰਸ਼, ਆਰਥਿਕ ਤੰਗੀ ਅਤੇ ਮਨੁੱਖੀ ਦਰਦ ਦੀ ਵਿਅੰਗਮਈ ਪੇਸ਼ਕਾਰੀ ਇਸ ਪ੍ਰਕਾਰ ਕਰਦਾ ਹੈ:

*ਜ਼ਿੰਦਗੀ ਦੇ ਕੋੜ੍ਹ ਵੱਲ ਨਜ਼ਰਾਂ ਨਾ ਮਾਰੋ*
*ਸਿੱਕਿਆਂ ਤੋਂ ਵਿਕ ਰਹੀ ਆਦਮ ਦੀ ਧੀ*
*ਦਾਣਿਆਂ ਤੋਂ ਮਰ ਰਹੇ ਹੱਵਾ ਦੇ ਪੁੱਤ*
*ਤੜਪਦੇ ਹੋਏ ਮਰੀਜ਼*
*ਵਿਲਕਦੇ ਹੋਏ ਯਤੀਮ।*[4]

ਡਾ. ਜਗਤਾਰ ਸਮਾਜਿਕ ਯਥਾਰਥ ਅਤੇ ਹਰ ਵਰਗ ਦੀ ਮਾਨਸਿਕ, ਆਰਥਕ ਅਤੇ ਸਭਿਆਚਾਰਕ ਪੀੜਾ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਉਹ ਇੱਕ ਸੰਵੇਦਨਸ਼ੀਲ ਕਵੀ ਦੇ ਰੂਪ ਵਿੱਚ ਮਨੁੱਖੀ ਜੀਵਨ ਦੇ ਹਰ ਪੱਖ ਵਿਸ਼ੇਸ਼ ਕਰਕੇ ਮਜ਼ਦੂਰ ਵਰਗ ਦੀ ਗਰੀਬੀ, ਬੇਵਸੀ ਅਤੇ ਭਟਕਣ ਨੂੰ ਬਾਖੂਬੀ ਰੂਪਮਾਨ ਕਰਦਾ ਹੈ। ਡਾ. ਜਗਤਾਰ ਦੀ ਕਵਿਤਾ ਵਿੱਚ ਇਹ ਪੱਖ ਇਸ ਢੰਗ ਨਾਲ ਉਭਰਦੇ ਹਨ ਕਿ ਪਾਠਕ ਸਿਰਫ਼ ਉਨ੍ਹਾਂ ਦੀ ਬਾਹਰੀ ਹਾਲਤ ਹੀ ਨਹੀਂ ਸਗੋਂ ਅੰਦਰੂਨੀ ਮਾਨਸਿਕਤਾ ਨਾਲ ਵੀ ਰੂਬ-ਰੂ ਹੁੰਦਾ ਹੈ। ਮਜ਼ਦੂਰ ਵਰਗ ਨਾਲ ਕਰਜ਼ੇ ਦੀ ਸਮੱਸਿਆ ਵੀ ਜੁੜੀ ਹੋਈ ਹੈ ਜੋ ਉਹਨਾਂ ਦੇ ਦੁੱਖਾਂ ਵਿਚ ਹੋਰ ਵਾਧਾ ਕਰਦੀ ਹੈ। ਜਦੋਂ ਮਿਹਨਤਕਸ਼ ਵਰਗ ਦੀਆਂ ਮੂਲ ਭੌਤਿਕ ਲੋੜਾਂ (ਖਾਣ, ਪਹਿਨਣ, ਰਿਹਾਇਸ਼ ਆਦਿ) ਉਨ੍ਹਾਂ ਦੀ ਮਿਹਨਤ ਦੀ ਕਮਾਈ ਰਾਹੀਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਮਜ਼ਬੂਰਨ ਕਰਜ਼ਾ ਚੁੱਕਦੇ ਹਨ। ਇਹ ਕਰਜ਼ਾ ਇਕ ਵਾਰ ਲਏ ਜਾਣ ਤੋਂ ਬਾਅਦ ਨਿਰੰਤਰ ਵਧਦਾ ਜਾਂਦਾ ਹੈ ਅਤੇ ਉਹਨਾਂ ਦੇ ਆਰਥਿਕ ਅਤੇ ਮਾਨਸਿਕ ਦੁਖਾਂਤ ਦਾ ਮੁੱਖ ਕਾਰਨ ਬਣਦਾ ਹੈ:

*ਅਖਬਾਰਾਂ ਵਿੱਚ ਜਿਨਸਾਂ ਦੇ*
*ਭਾਅ ਪੜ੍ਹ ਪੜ੍ਹ ਕੇ*
*ਜਿਸਦੇ ਸਿਰ 'ਤੇ*
*ਆਸ ਦੇ ਕੱਚੇ ਧਾਗੇ ਬੱਝੀ*
*ਲਟਕ ਰਹੀ ਹੈ ਕਰਜ਼ੇ ਦੀ*
*ਨੰਗੀ ਤਲਵਾਰ*
*ਕਰਜ਼ਾ ਪਲ ਪਲ ਸੂੰਦਾ ਰਹਿੰਦਾ*
*ਸੌਣ ਮਹੀਨੇ ਜਿਉਂ ਸੂੰਦੇ ਘੁਮਿਆਰ।*[5]

ਪੰਜਾਬ ਦਾ ਇਤਿਹਾਸ ਹਮੇਸ਼ਾ ਰਾਜਸੀ ਅਤੇ ਧਾਰਮਿਕ ਉਥਲ-ਪੁਥਲ ਵਾਲਾ ਰਿਹਾ ਹੈ। ਵਿਸ਼ੇਸ਼ ਤੌਰ 'ਤੇ 1984 ਦੇ ਪੰਜਾਬ ਸੰਕਟ ਨੇ ਪੰਜਾਬੀਆਂ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕੀਤਾ। ਇਸ ਸਮੇਂ ਦੌਰਾਨ ਸਿੱਖ, ਹਿੰਦੂ ਅਤੇ ਮੁਸਲਮਾਨ ਧਰਮਾਂ ਦੇ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਵੱਧ ਗਈ। ਹਿੰਸਾ ਦੇ ਇਸ ਮਾਹੌਲ ਵਿਚ ਸਭ ਤੋਂ ਵੱਧ ਪ੍ਰਭਾਵ ਮਜ਼ਦੂਰ, ਗਰੀਬ ਅਤੇ ਆਮ ਲੋਕਾਂ ਉੱਤੇ ਪਿਆ। ਡਾ. ਜਗਤਾਰ ਆਮ ਵਿਅਕਤੀ ਦੇ ਪੀੜਤ ਜੀਵਨ ਦੀ ਹਕੀਕਤ ਨੂੰ ਪ੍ਰਤੀਬਿੰਬਤ ਕਰਦੇ ਹਨ। ਕਵੀ ਅਨੁਸਾਰ ਹਾਲਾਂਕਿ ਸਿਆਸੀ ਨੇਤਾ ਆਤੰਕ ਵਿਰੁੱਧ ਝੂਠੇ ਦਿਲਾਸੇ ਦਿੰਦੇ ਰਹੇ ਪਰ ਜਮੀਨੀ ਹਕੀਕਤ ਇਹ ਸੀ ਕਿ ਹਿੰਸਾ ਦਾ ਅਸਲ ਖ਼ਮਿਆਜ਼ਾ ਆਮ ਲੋਕਾਂ ਨੇ ਭੁਗਤਿਆ। ਡਾ. ਜਗਤਾਰ ਰਾਜਨੀਤੀ ਅਤੇ ਧਰਮ ਦੇ ਨਾਂ 'ਤੇ ਹੋ ਰਹੀ ਹਿੰਸਾ ਦੇ ਸੰਦਰਭ ਵਿੱਚ ਆਮ ਮਨੁੱਖ ਦੇ ਸੰਤਾਪ ਨੂੰ ਕੇਂਦਰ ਵਿੱਚ ਰੱਖਦੇ ਹੋਏ ਲਿਖਦਾ ਹੈ:

*ਜਿਗਰ ਪਾਟਾ ਕਿਸੇ ਦੀ ਅੱਖ ਗੁਆਚੀ*
*ਕਿਸੇ ਦੇ ਕਰ ਕਿਸੇ ਦੇ ਪਰ ਸੜੇ ਨੇ*
*ਤੁਹਾਨੂੰ ਕੀ ਪਤਾ ਦਿਲ ਹੀਣਿਆਂ ਨੂੰ*

*ਕਿ ਇਕ ਇਕ ਘਰ 'ਚ ਕਿੰਨੇ ਘਰ ਸੜੇ ਨੇ*
*ਛੁਪੀ ਹੋਈ ਅਗਨ ਰੋਹ ਦੀ*
*ਬੁਆਖੇਂ ਚਿਹਰਿਆਂ ਪਿਛੇ*
*ਪਰਿੰਦੇ ਹੁਣ ਜਾਣ ਕਿੱਥੇ?* [6]

ਡਾ. ਜਗਤਾਰ 1984 ਦੇ ਹਿੰਸਾਤਮਕ ਦੌਰ ਸਮੇਂ ਪੰਜਾਬ ਵਿੱਚ ਪੁਲਿਸ ਪ੍ਰਸ਼ਾਸਨ ਦੁਆਰਾ ਵਰਤੇ ਗਏ ਤਾਨਾਸ਼ਾਹੀ ਰਵੱਈਏ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਵਿਰੁੱਧ ਇੱਕ ਤਿੱਖੀ ਟਿੱਪਣੀ ਕਰਦਾ ਹੈ। ਉਹ ਪੁਲਿਸ ਕਰਮਚਾਰੀ ਜੋ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਹਟ ਕੇ ਰਾਜਸੀ ਸ਼ਕਤੀਆਂ ਦੇ ਹਿੱਤ ਵਿੱਚ ਦਰਿੰਦਗੀ ਭਰਿਆ ਵਿਵਹਾਰ ਕਰ ਰਹੇ ਸਨ ਨੂੰ ਡਾ. ਜਗਤਾਰ ਬੇਨਕਾਬ ਕਰਦਾ ਹੈ। ਉਹ ਆਮ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ, ਬੇਵਜ਼ਾ ਮੁਕਾਬਲੇ ਰਚਦੇ ਅਤੇ ਗੁਨਾਹਗਾਰ ਸਾਬਤ ਕਰਕੇ ਕੇ ਉਨ੍ਹਾਂ ਉੱਤੇ ਅਣਮਨੁੱਖੀ ਜ਼ੁਲਮ ਕਰਦੇ। ਇਸ ਪ੍ਰਕਿਰਿਆ ਵਿੱਚ ਪੁਲਿਸ ਕੇਵਲ ਕਾਨੂੰਨ ਦੀ ਰਾਖੀ ਕਰਨ ਵਾਲੀ ਏਜੰਸੀ ਨਹੀਂ ਰਹੀ ਸਗੋਂ ਰਾਜਨੀਤਕ ਚਾਪਲੂਸੀ ਅਤੇ ਰਿਸ਼ਵਤਖੋਰੀ ਦੀ ਪ੍ਰਤੀਕ ਬਣ ਗਈ। ਡਾ.ਜਗਤਾਰ ਕਵਿਤਾ ਰਾਹੀਂ ਲੋਕਾਂ ਦੀ ਲਾਚਾਰੀ, ਮਾਨਸਿਕ ਸੰਤਾਪ ਅਤੇ ਤਾਨਾਸ਼ਾਹੀ ਰਾਜ ਵਿੱਚ ਜਿਉਣ ਦੀ ਮਜ਼ਬੂਰੀ ਨੂੰ ਬਾਖੂਬੀ ਪ੍ਰਗਟ ਕਰਦਾ ਹੈ। ਉਹ ਆਪਣੀ ਕਵਿਤਾ ਰਾਹੀਂ ਨਾ ਕੇਵਲ ਸ਼ੋਸ਼ਿਤ ਲੋਕਾਂ ਦੀ ਆਵਾਜ਼ ਬਣਦਾ ਹੈ ਸਗੋਂ ਉਨ੍ਹਾਂ ਨੂੰ ਸਚਾਈ ਦੇ ਪੱਖ ਵਿੱਚ ਖੜੇ ਹੋਣ ਅਤੇ ਆਵਾਜ਼ ਬੁਲੰਦ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ। ਅਜਿਹੇ ਡਰ ਵਾਲੇ ਮਾਹੌਲ ਅੰਦਰ ਮਨੁੱਖ ਨੇ ਜੋ ਸੰਤਾਪ ਹੰਢਾਇਆ ਉਸ ਦਾ ਦ੍ਰਿਸ਼ ਇਹਨਾਂ ਸਤਰਾਂ 'ਚ ਦੇਖਿਆ ਜਾ ਸਕਦਾ ਹੈ:

*ਪੈਰ - ਪੈਰ, ਚੱਪੇ- ਚੱਪੇ*
*ਸ਼ਹਿਰਾਂ ਤੇ ਗਰਾਵਾਂ ਵਿੱਚ*
*ਕੌਣ ਪਾਈ ਜਾ ਰਿਹਾ ਏ ਛਾਉਣੀਆਂ?*
*ਕੀਤੀਆਂ ਇਹ ਪੇਸ਼ ਕਦੇ ਆਉਣੀਆਂ।*[7]

ਡਾ.ਜਗਤਾਰ ਦੀ ਕਵਿਤਾ ਵਿੱਚ ਲੋਟੂ ਸਮਾਜ ਦੇ ਵਿਰੁੱਧ ਪ੍ਰਤੀਕਾਤਮਕ ਰੁਖ਼ ਨਜ਼ਰ ਆਉਂਦਾ ਹੈ ਜਿਸ ਵਿੱਚ ਉਹ ਨਾ ਸਿਰਫ ਕਿਰਤੀਆਂ, ਕਿਸਾਨਾਂ ਤੇ ਆਮ ਲੋਕਾਂ ਨਾਲ ਅਨਿਆਂ ਨੂੰ ਪੇਸ਼ ਕਰਦਾ ਹੈ ਸਗੋਂ ਔਰਤ ਵਿਰੁੱਧ ਹੋ ਰਹੇ ਲਿੰਗ-ਅਸਮਾਨਤਾ ਦੇ ਅਨਿਆਂ ਨੂੰ ਵੀ ਕੇਂਦਰ ਬਣਾਉਂਦਾ ਹੈ। ਔਰਤ ਸਿਰਫ਼ ਆਰਥਿਕ ਪੱਖੋਂ ਹੀ ਨਹੀਂ ਸਗੋਂ ਮਾਨਸਿਕ ਪੱਖੋਂ ਵੀ ਪੱਛੜੇਪਣ ਦਾ ਸ਼ਿਕਾਰ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਹਮੇਸ਼ਾ ਦੂਜੇ ਦਰਜੇ ਉਤੇ ਰਹੀ ਹੈ ਜਿਸ ਨੂੰ ਮਰਦ ਦੀ ਗੁਲਾਮੀ ਵਿੱਚ ਰਹਿਣਾ ਪਿਆ ਹੈ। ਕਵੀ ਦਾਅਵਾ ਕਰਦਾ ਹੈ ਕਿ ਆਰਥਿਕ ਖ਼ੁਦਮੁਖਤਿਆਰੀ ਹਾਸਲ ਕਰਨਾ ਔਰਤ ਦੀ ਮਾਨਸਿਕ ਆਜ਼ਾਦੀ ਲਈ ਲਾਜ਼ਮੀ ਹੈ। ਜਿਸ ਵਿੱਚ ਇਹ ਔਰਤਾਂ ਆਰਥਿਕ ਲਿੰਗਕ ਅਤੇ ਸਮਾਜਕ ਪੱਧਰ 'ਤੇ ਦਬਾਅ ਦਾ ਸ਼ਿਕਾਰ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਔਰਤ ਮੰਡੀ ਦੀ ਵਸਤੂ ਬਣਦੀ ਜਾ ਰਹੀ ਹੈ। ਆਧੁਨਿਕਤਾ ਦੇ ਯੁੱਗ ਵਿਚ ਮਨੁੱਖੀ ਸਮਾਜ ਨੇ ਤਕਨਾਲੋਜੀ ਪੱਖੋਂ ਬਹੁਤ ਵਿਕਾਸ ਕੀਤਾ ਹੈ ਪਰੰਤੂ ਔਰਤ ਅਜੇ ਵੀ ਸੁਤੰਤਰ ਨਹੀਂ ਹੈ :

*ਤੁਸੀਂ ਦੱਸੋ ਇਹ ਪਹਿਲੀ ਤੋਂ ਕਿਵੇਂ ਵੱਖਰੀ ਸਦੀ ਹੈ*
*ਅਜੇ ਵੀ ਕੈਦ ਹੈ ਔਰਤ ਅਜੇ ਵੀ ਸੁਲਗਦੀ ਹੈ।*[8]
*ਅਦਮਜਾਤ ਹੈ ਕਿਉਂ ਔਰਤ ਨੂੰ ਸਮਝ ਰਿਹਾ ਕਠਪੁਤਲੀ ਵਾਂਗੂੰ*
*ਉਸਦੀ ਹਸਤੀ ਤਾਈਂ ਕਿਉਂ ਨਾ ਸਮਝੇ ਆਪਣੀ ਹਸਤੀ ਵਾਂਗੂੰ।*[9]

ਡਾ. ਜਗਤਾਰ ਆਪਣੀ ਕਵਿਤਾ ਵਿਚ ਸਮਾਜਕ ਅਨਿਆਂ, ਆਰਥਕ ਕਾਣੀ ਵੰਡ ਅਤੇ ਰਾਜਨੀਤਕ ਵਿਤਕਰੇ ਦੀ ਪ੍ਰਣਾਲੀ ਵਿਰੁੱਧ ਇੱਕ ਤੀਖੀ ਸੁਰ ਉਜਾਗਰ ਕਰਦਾ ਹੈ। ਉਹ ਆਪਣੀ ਕਵਿਤਾ ਰਾਹੀਂ ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਆਮ ਗਰੀਬ ਲੋਕਾਂ ਦੇ ਸੰਤਾਪ ਨੂੰ ਕੇਂਦਰ ਵਿਚ ਰੱਖਦੇ ਹੋਏ ਇੱਕ ਪ੍ਰਤਿਨਿਧ ਆਵਾਜ਼ ਵਜੋਂ ਉਭਰਦਾ ਹੈ। ਕਵੀ ਮੌਜੂਦਾ ਪੂੰਜੀਵਾਦੀ ਪ੍ਰਬੰਧ ਨੂੰ ਜ਼ਿੰਮੇਵਾਰ ਮੰਨਦਾ ਹੈ ਜਿਸ ਵਿਚ ਵਧ ਰਹੀ ਮਹਿੰਗਾਈ, ਕਰਜ਼ਿਆਂ ਦਾ ਬੋਝ ਅਤੇ ਆਰਥਕ ਅਸਮਾਨਤਾ ਵਰਗੀਆਂ ਸਮੱਸਿਆਂਵਾਂ ਪੈਦਾ ਹੁੰਦੀਆਂ ਹਨ। ਗਲਤ ਸਰਕਾਰੀ ਨੀਤੀਆਂ ਦੇ ਕਾਰਨ ਗਰੀਬ ਲੋਕ ਆਪਣੇ ਮੂਲ ਅਧਿਕਾਰਾਂ ਤੋਂ ਵੰਚਿਤ ਹੋ ਰਹੇ ਹਨ। ਜਦੋਂ ਮਜ਼ਦੂਰ ਆਪਣੇ ਹੱਕਾਂ ਦੀ ਮੰਗ ਕਰਦਾ ਹੈ ਤਾਂ ਉਸ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ। ਇਹ ਵਿਵਸਥਾ ਇੱਕ ਅਜਿਹੀ ਦੋਹਰੀ ਸੰਸਕ੍ਰਿਤੀ ਨੂੰ ਜਨਮ ਦਿੰਦੀ ਹੈ ਜਿੱਥੇ ਇਕ ਪਾਸੇ ਅਮੀਰ ਵਰਗ ਦੀ ਅਮੀਰੀ ਵਿਚ ਵਾਧਾ ਹੋ ਰਿਹਾ ਹੈ ਤੇ ਦੂਜੇ ਪਾਸੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਅਮੀਰ ਵਰਗ ਦੀ ਅਮੀਰੀ ਅਧੀਨ ਗਰੀਬਾਂ ਦੁਆਰਾ ਹੰਢਾਏ ਜਾ ਰਹੇ ਸੰਤਾਪ ਨੂੰ ਜਗਤਾਰ ਨੇ ਆਪਣੀ ਕਵਿਤਾ ਵਿੱਚ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ:

*ਚਲ ਦਫ਼ਾ ਹੋ ਸਿਰ ਨਾ ਖਾ*
*ਨਾ ਕੁਝ ਲੈਣਾ, ਨਾ ਕੁਝ ਦੇਣਾ*
*ਕੱਖਾਂ ਦੀ ਝੁੱਗੀ ਵਿਚ ਰਹਿਣਾ*
*ਸੁਪਨੇ ਲੈਣੇ ਸ਼ੀਸ਼ ਮਹੱਲ ਦੇ*
*ਜਾਹ ਜਾ ਕੇ ਮਜ਼ਦੂਰੀ ਕਰ*
*ਭਾ ਪੁੱਛ - ਪੁੱਛ ਹਾਉਕੇ ਨਾ ਭਰ।*[10]

ਡਾ. ਜਗਤਾਰ ਦੀ ਕਵਿਤਾ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਉਜਾਗਰ ਹੁੰਦਾ ਹੈ ਕਿ ਉਸ ਨੇ ਆਧੁਨਿਕਤਾ, ਵਿਸ਼ਵੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਉਸ ਦੀ ਕਵਿਤਾ ਵਿਚ ਸਿਰਫ਼ ਕਲਾਤਮਿਕਤਾ ਹੀ ਨਹੀਂ ਸਗੋਂ ਇੱਕ ਸਮਾਜਕ ਚੇਤਨਾ ਵੀ ਪ੍ਰਗਟ ਹੁੰਦੀ ਹੈ ਜੋ ਇੱਕ ਕਵੀ ਦੇ ਫ਼ਰਜ਼ ਨੂੰ ਉਜਾਗਰ ਕਰਦੀ ਹੈ। ਉਹ ਆਧੁਨਿਕ ਯੁਗ ਵਿੱਚ ਮਨੁੱਖੀ ਜੀਵਨ ਦੀ ਵਿਡੰਬਨਾ ਅਤੇ ਵਿਸ਼ਵੀਕਰਨ ਦੇ ਕਾਰਨ ਪੈਦਾ ਹੋਈਆਂ ਸਮਾਜਕ ਸਮੱਸਿਆਵਾਂ ਨੂੰ ਕਲਾਤਮਿਕ ਢੰਗ ਪੇਸ਼ ਕਰਦਾ ਹੈ। ਆਧੁਨਿਕ ਵਿਗਿਆਨਕ ਯੁੱਗ ਵਿਚ ਲੋਕਾਂ ਨੇ ਸਮਝਦਾਰ ਹੋਣ ਦੀ ਥਾਂ ਮਕਾਨਕੀ ਸੋਚ ਧਾਰਨ ਕਾਰਨ ਆਪਣੀਆਂ ਇਨਸਾਨੀ ਕਦਰਾਂ ਕੀਮਤਾਂ ਨੂੰ ਗੁਆ ਲਿਆ ਹੈ। ਡਾ.ਜਗਤਾਰ ਦੀ ਕਵਿਤਾ ਆਧੁਨਿਕ ਸਮਾਜ ਦੀ ਇੱਕ ਐਸੀ ਹਕੀਕਤ ਨੂੰ ਉਜਾਗਰ ਕਰਦੀ ਹੈ ਜਿਸ ਵਿੱਚ ਵਿਅਕਤੀ ਵਿਕਾਸ ਦੀ ਦੌੜ ਵਿੱਚ ਆਪਣੀ ਅਸਲੀਅਤ, ਸੰਸਕਾਰ ਅਤੇ ਆਤਮਿਕ ਸ਼ਾਂਤੀ ਨੂੰ ਗੁਆ ਬੈਠਾ ਹੈ। ਵਿਗਿਆਨਕ ਤਰੱਕੀ ਨਾਲ ਮਨੁੱਖ ਨੇ ਤਕਨੀਕੀ ਜਗਤ 'ਚ ਤਾਂ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਇਨਸਾਨੀਅਤ ਅਤੇ ਨੈਤਿਕਤਾ ਦੀ ਕੀਮਤ 'ਤੇ ਹੋਈ ਹੈ। ਲੋਕ ਆਪਣੇ ਤਿਥ - ਤਿਉਹਾਰ, ਰੀਤਾਂ -ਰਸਮਾਂ ਆਦਿ ਭੁੱਲ ਗਏ ਹਨ :

ਇਹ ਕੈਸਾ ਰੋਸ਼ਨੀ ਦਾ ਦੌਰ ਹੈ ਜਾਦੂਗਰੋ ਬੋਲੋ,

ਹਨੇਰਾ ਫੈਲਦਾ ਜਾਵੇ ਦਿਮਾਗਾਂ ਤੇ ਘਰਾਂ ਅੰਦਰ।[11]

ਨਾ ਕੋਈ ਪੁੰਨਿਆ, ਨਾ ਮੱਸਿਆ, ਨਾ ਰਹੀ ਸੰਗਰਾਂਦ ਯਾਦ,

ਭੁੱਲ ਗਏ ਵਿਰਸਾ ਜਦੋਂ ਦੇ ਸ਼ਹਿਰ ਵਾਸੀ ਹੋ ਗਏ।[12]

ਡਾ.ਜਗਤਾਰ ਦੀ ਕਵਿਤਾ ਵਿੱਚ ਲੋਕਤੰਤਰ ਵਿੱਚ ਮੀਡੀਆ ਦੀ ਭੂਮਿਕਾ,ਨਿਰਪੱਖਤਾ ਅਤੇ ਇਸ ਦੀ ਆਮ ਲੋਕਾਂ ਦੇ ਹੱਕਾਂ ਵਿਚ ਪੇਸ਼ਕਾਰੀ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ ਹੈ। ਕਵੀ ਅਨੁਸਾਰ ਆਧੁਨਿਕ ਮੀਡੀਆ ਆਪਣੀ ਮੂਲ ਭੂਮਿਕਾ ਤੋਂ ਹਟ ਕੇ ਇੱਕ ਵਿਕਾਊ ਸੰਸਥਾ ਬਣ ਗਿਆ ਹੈ ਜੋ ਰਾਜਨੀਤਕ ਏਜੰਡਿਆਂ ਦੀ ਪੂਰਕ ਹੋਣ ਦੇ ਕਾਰਨ ਆਮ ਲੋਕਾਂ ਦੀ ਅਵਾਜ਼ ਨੂੰ ਪਿਛੇ ਧੱਕ ਰਿਹਾ ਹੈ। ਸਮਾਜ ਵਿੱਚ ਇੱਕ ਵੱਡਾ ਵਰਗ ਜੋ ਪਹਿਲਾਂ ਹੀ ਆਰਥਕ, ਸਾਂਸਕ੍ਰਿਤਕ ਤੇ ਰਾਜਨੀਤਕ ਤੌਰ 'ਤੇ ਪਿੱਛੜਿਆ ਹੋਇਆ ਹੈ ਉਸ ਦੀ ਸੁਣਵਾਈ ਨਾ ਨਾ ਹੀ ਰਾਜਨੀਤਕ ਪੱਧਰ ਅਤੇ ਨਾ ਹੀ ਮੀਡੀਆ ਵਿੱਚ ਹੋ ਰਹੀ ਹੈ। ਇਨ੍ਹਾਂ ਲੋਕਾਂ ਲਈ ਖੜ੍ਹੀਆਂ ਹੋਣ ਵਾਲੀਆਂ ਲਹਿਰਾਂ ਤੇ ਆਵਾਜ਼ਾਂ ਨੂੰ ਜਾਂ ਤਾਂ ਦਬਾ ਦਿੱਤਾ ਜਾਂਦਾ ਹੈ ਜਾਂ ਉਲਟ ਤਰੀਕੇ ਨਾਲ ਦਰਸਾਇਆ ਜਾਂਦਾ ਹੈ। ਮੀਡੀਆ ਨੂੰ 'ਚੌਥਾ ਸਤੰਭ' ਮੰਨਿਆ ਜਾਂਦਾ ਹੈ ਜਿਸ ਦੀ ਭੂਮਿਕਾ ਸਚਾਈ ਨੂੰ ਸਾਹਮਣੇ ਲਿਆਉਣ ਅਤੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਦੀ ਹੁੰਦੀ ਹੈ ਪਰ ਜਦੋਂ ਇਹੀ ਸਾਧਨ ਸੰਚਾਰ ਮਾਧਿਅਮ ਵਜੋਂ ਵਿਕਰੀ ਯੋਗ ਵਸਤੂ ਬਣ ਜਾਵੇ ਤਾਂ ਇਹ ਆਮ ਲੋਕਾਂ ਦੀ ਆਵਾਜ਼ ਦੀ ਥਾਂ ਸਿਰਫ਼ ਸੱਤਾ ਦੇ ਧਨੀ ਲੋਕਾਂ ਦੀ ਪ੍ਰਚਾਰਕ ਸੰਸਥਾ ਬਣ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਆਮ ਲੋਕਾਂ ਦੇ ਹਿੱਤ ਪਿੱਛੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਅਸਲ ਮੁਸ਼ਕਲਾਂ ਕਦੇ ਸਾਹਮਣੇ ਨਹੀਂ ਆਉਂਦੀਆਂ। ਡਾ. ਜਗਤਾਰ ਮੀਡੀਆ ਬਾਰੇ ਵਿਅੰਗਮਈ ਸ਼ੈਲੀ ਵਿਚ ਲਿਖਦਾ ਹੈ:

*ਵਧ ਰਹੀ ਕੀਮਤ 'ਤੇ ਕੋਈ*
*ਸਰਸਰੀ ਜਾਇਜ਼ਾ ਨਹੀ ਨਾ ਕੋਈ ਮਜ਼ਮੂਨ,*
*ਨਾ ਕੋਈ ਖ਼ਬਰ*
*ਜਦ ਕਦੇ*
*ਸੜਕਾਂ, ਹਨੇਰੇ ਘਰਾਂ ਜਾਂ ਖੇਤਾਂ 'ਚੋਂ ਉੱਠੀ*
*ਲੋਕ-ਅਵਾਜ਼ਾਂ ਦੀ ਇਕ ਲੰਮੀ ਲਹਿਰ*
*ਰਾਜ-ਖੇਤਰ ਵਿੱਚ ਸੁਣ ਕੇ ਵੀ*
*ਕਿਸੇ ਗੌਲੀ ਨਹੀਂ*
*ਉਹ ਸਮਝਦੇ ਸਨ*
*ਕਿ ਬੂਹੇ-ਬਾਰੀਆਂ ਬੰਦ ਕੀਤਿਆਂ*
*ਮੀਂਹ ਵੀ ਰੁਕ ਜਾਂਦਾ ਹੈ ਸ਼ਾਇਦ।*[13]

ਡਾ.ਜਗਤਾਰ ਇੱਕ ਸੰਵੇਦਨਸ਼ੀਲ ਅਤੇ ਜਾਗਰੂਕ ਕਵੀ ਹੈ ਜੋ ਸਮਾਜ ਦੇ ਵਿਭਿੰਨ ਪਹਿਲੂਆਂ ਨੂੰ ਆਪਣੀ ਕਾਵਿ ਰਚਨਾਵਾਂ ਵਿੱਚ ਸੰਵੇਦਨਾਤਮਕ ਤਰੀਕੇ ਨਾਲ ਉਜਾਗਰ ਕਰਦਾ ਹੈ। ਉਸ ਅਨੁਸਾਰ ਲੋਕ ਸਮਾਜਕ, ਧਾਰਮਕ ਅਤੇ ਰਾਜਨੀਤਕ ਪੱਖਾਂ ਤੋਂ ਚੇਤਨ ਨਹੀਂ ਹਨ। ਉਸ ਦੀ ਕਵਿਤਾ ਵਿੱਚ ਇਹ ਵਿਚਾਰ ਪ੍ਰਗਟ ਹੁੰਦਾ ਹੈ ਕਿ ਆਮ ਲੋਕਾਂ ਦਾ ਭੋਲਾਪਨ ਕਈ ਵਾਰ ਉਹਨਾਂ ਦੇ ਦੁੱਖਾਂ ਅਤੇ ਸ਼ੋਸ਼ਣ ਦਾ ਮੂਲ ਕਾਰਨ ਬਣ ਜਾਂਦਾ ਹੈ। ਭਾਰਤੀ ਲੋਕ ਧਰਮ ਪ੍ਰਤੀ ਅਤਿ ਆਸਥਾਵਾਨ ਹਨ ਜਿਸ ਕਾਰਨ ਉਹ ਅਕਸਰ ਰਾਜਨੀਤਕ ਚਾਲਾਂ ਨੂੰ ਸਮਝਣ ਵਿੱਚ ਅਸਮਰਥ ਰਹਿ ਜਾਂਦੇ ਹਨ। ਇਹ ਧਾਰਮਿਕ ਭਾਵੁਕਤਾ ਰਾਜਨੀਤਕ ਲੋਕਾਂ ਲਈ ਇੱਕ ਉਪਯੋਗੀ ਹਥਿਆਰ ਬਣ ਜਾਂਦੀ ਹੈ। ਰਾਜਨੀਤਕ ਨੇਤਾ ਲੋਕਾਂ ਦਾ ਭੋਲਾਪਨ ਅਤੇ ਧਾਰਮਿਕ ਆਸਥਾ ਦਾ ਲਾਭ ਚੁੱਕਦੇ ਹੋਏ ਧਰਮ ਨੂੰ ਇੱਕ ਉਪਕਰਨ ਵਜੋਂ ਵਰਤਦੇ ਹਨ ਅਤੇ ਚੋਣਾਂ ਦੌਰਾਨ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਪ੍ਰਕਿਰਿਆ ਵਿੱਚ ਆਮ ਲੋਕ ਆਪਣਾ ਹੀ ਨੁਕਸਾਨ ਦਾ ਕਰਵਾਉਂਦੇ ਹਨ ਜੋ ਉਹਨਾਂ ਦੇ ਸੰਤਾਪ ਦਾ ਕਾਰਨ ਬਣਦਾ ਹੈ:

*ਬੜੇ ਹੀ ਲੋਕ ਨੇ ਭੋਲੇ, ਜੋ ਹਰ ਵਾਰੀ ਨੇ ਫਸ ਜਾਂਦੇ,*
*ਸਿਆਸਤ ਜਾਲ ਲਾ ਬੈਠੀ ਮਸੀਤਾਂ ਮੰਦਰਾਂ ਅੰਦਰ।*[14]

ਡਾ.ਜਗਤਾਰ ਆਪਣੀ ਕਾਵਿ ਰਚਨਾ ਵਿਚ ਵਿਸ਼ਵੀਕਰਨ ਦੇ ਨਕਾਰਾਤਮਕ ਪ੍ਰਭਾਵਾਂ ਦੀ ਪੇਸ਼ਕਾਰੀ ਕਰਦਾ ਹੈ। ਵਿਸ਼ਵੀਕਰਨ ਦੇ ਨਾਲ ਆਈਆਂ ਵਿਦੇਸ਼ੀ ਕੰਪਨੀਆਂ ਸਿਰਫ਼ ਲਾਭ ਦੀ ਨੀਤੀ ਅਪਣਾਉਂਦੀਆਂ ਹਨ ਜੋ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਉੱਤੇ ਸਾਮਰਾਜਵਾਦੀ ਢੰਗ ਨਾਲ ਕਾਬਜ਼ ਹੋ ਰਹੀਆਂ ਹਨ। ਵਿਸ਼ਵੀਕਰਨ ਨੇ ਸਥਾਨਕ ਆਰਥਕ ਮਾਡਲਾਂ ਨੂੰ ਪਿਛੇ ਧੱਕਿਆ ਹੈ ਅਤੇ ਮੰਡੀ ਕੇਂਦਰਤ ਸਮਾਜ ਨੂੰ ਜਨਮ ਦਿੱਤਾ ਹੈ ਜਿਥੇ ਮਾਨਵੀ ਮੁੱਲਾਂ ਦੀ ਥਾਂ ਮਾਲਕੀ ਅਤੇ ਲਾਭ ਨੇ ਲੈ ਲਈ ਹੈ। ਡਾ. ਜਗਤਾਰ ਦੀ ਕਵਿਤਾ ਵਿਚ ਇਹ ਵਿਚਾਰ ਪ੍ਰਗਟ ਹੁੰਦਾ ਹੈ ਕਿ ਮਨੁੱਖ ਜੋ ਖ਼ੂਬਸੂਰਤ ਲੱਗਣ ਵਾਲੀਆਂ ਚੀਜ਼ਾਂ ਵੱਲ ਆਕਰਸ਼ਿਤ ਹੋ ਰਿਹਾ ਹੈ, - ਉਹੀ- ਚੀਜ਼ਾਂ ਆਖ਼ਰਕਾਰ ਉਸ ਦੇ ਦੁੱਖ ਦਾ ਕਾਰਨ ਬਣ ਰਹੀਆਂ ਹਨ। ਉਹ ਲਿਖਦਾ ਹੈ ਕਿ ਇਹ ਵਰਤਾਰਾ ਇੱਕ ਵਿਅਕਤੀਗਤ ਨਹੀਂ ਸਗੋਂ ਸਮੂਹਿਕ ਸਮਾਜਕ ਸੰਕਟ ਦਾ ਰੂਪ ਧਾਰਨ ਕਰ ਗਿਆ ਹੈ। ਕੰਪਨੀਆਂ ਨਵੇਂ -ਨਵੇਂ ਲਾਲਚ ਦੇ ਕੇ ਲੋਕਾਂ ਨੂੰ ਆਰਥਿਕ ਪੱਖੋਂ ਕਮਜ਼ੋਰ ਕਰ ਰਹੀਆਂ ਹਨ ਜਿਸ ਕਾਰਨ ਉਹ ਇਕ ਹੋਰ ਸੰਤਾਪ ਵਿਚ ਫਸਦੇ ਹਨ। ਉਹ ਲਿਖਦਾ ਹੈ:

*ਮੰਡੀ 'ਚ ਵਿਕ ਰਹੇ ਨੇ ਜੋ ਔਣੇ-ਪੌਣਿਆਂ ਵਿੱਚ।*
*ਬਾਰੂਦ ਵਿਕ ਰਿਹਾ ਹੈ ਇਹਨਾਂ ਖਿਲੌਣਿਆਂ ਵਿੱਚ।*
*ਇਹ ਕੌਣ ਦੂਰੋਂ ਪਾਰੋਂ ਲੈ ਆਏ ਨੇ ਦੁਕਾਨਾਂ,*
*ਜਿਨ੍ਹਾਂ ਦਾ ਹੈ ਸਵਾਗਤ ਏਥੇ ਪਰਾਹੁਣਿਆਂ ਵਿੱਚ।* "[15]

ਉਪਰੋਕਤ ਅਧਿਐਨ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਡਾ. ਜਗਤਾਰ ਇੱਕ ਪ੍ਰਤਿਭਾਸ਼ਾਲੀ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੀ ਕਵਿਤਾ ਵਿਚ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਵਿਚਾਰਧਾਰਾ ਦੀ ਸਪਸ਼ਟ ਝਲਕ ਮਿਲਦੀ ਹੈ। ਉਸ ਦੀ ਕਵਿਤਾ ਮਨੁੱਖੀ ਦੁਖਾਂਤ ਅਤੇ ਸਮਾਜਿਕ ਅਨਿਆਂ ਦੇ ਖਿਲਾਫ਼ ਇੱਕ ਸੰਘਰਸ਼ਮਈ ਤੇ ਰਚਨਾਤਮਕ ਚੇਤਨਾ ਪ੍ਰਸਤੁਤ ਕਰਦੀ ਹੈ। ਸਮਾਜ ਵਿਚ ਹੋ ਰਹੇ ਅਨਿਆਂ ਅਤੇ ਮਨੁੱਖੀ ਤਸ਼ੱਦਦ ਨੂੰ ਦੇਖ ਕੇ ਡਾ. ਜਗਤਾਰ ਚੁੱਪ ਨਹੀ ਰਹਿੰਦਾ। ਉਸਨੇ ਸਮਾਜ ਵਿਚ ਕਿਰਤੀਆਂ, ਕਿਸਾਨਾਂ, ਦਲਿਤਾਂ ਅਤੇ ਔਰਤ ਨਾਲ ਵਾਪਰ ਰਹੇ ਅਨੇਕਾਂ ਤਰ੍ਹਾਂ ਦੇ ਦੁਖਾਂਤ ਨੂੰ ਕਲਾਤਮਿਕਤਾ ਨਾਲ ਅਭਿਵਿਅਕਤ ਕੀਤਾ ਹੈ। ਡਾ. ਜਗਤਾਰ ਆਪਣੀਆਂ ਕਾਵਿ ਰਚਨਾਵਾਂ ਵਿਚ ਉਹਨਾਂ ਵੱਖ-ਵੱਖ ਪਹਿਲੂਆਂ ਨੂੰ ਕਲਾਵੇ ਵਿਚ ਲੈਂਦਾ ਹੈ ਜੋ ਮਨੁੱਖੀ ਸੰਤਾਪ ਦਾ ਕਾਰਨ ਬਣਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਡਾ. ਜਗਤਾਰ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 1998, ਪੰਨਾ: 12.
2. -ਉਹੀ-, ਦੁੱਧ ਪਥਰੀ, ਦੀਪਕ ਪਬਲਿਸ਼ਰਜ਼, ਜਲੰਧਰ,1990, ਪੰਨਾ: 37.
3. ਡਾ. ਗੁਰਇਕਬਾਲ ਸਿੰਘ, ਜਗਤਾਰ ਕਾਵਿ . ਸਮੀਖਿਆ ਅਤੇ ਸੰਵਾਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2004, ਪੰਨਾ: 18.
4. ਡਾ. ਜਗਤਾਰ, ਦੁੱਧ ਪਥਰੀ, ਦੀਪਕ ਪਬਲਿਸ਼ਰਜ਼, ਜਲੰਧਰ, 1990, ਪੰਨਾ: 63.
5. -ਉਹੀ-, ਪੰਨਾ: 53.
6. -ਉਹੀ-, ਚਨੁਕਰੀ ਸ਼ਾਮ, ਦੀਪਕ ਪਬਲਿਸ਼ਰਜ਼, ਜਲੰਧਰ, 1996, ਪੰਨਾ: 26.
7. -ਉਹੀ-, ਪੰਨਾ: 19.
8. -ਉਹੀ-, ਮੋਮ ਦੇ ਲੋਕ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ 2006, ਪੰਨਾ: 10
9. -ਉਹੀ-, ਪੰਨਾ: 21
10. -ਉਹੀ-, ਚਨੁਕਰੀ ਸ਼ਾਮ, ਦੀਪਕ ਪੁਬਲਿਸ਼ਰਜ, ਜਲੰਧਰ, 1996, ਪੰਨਾ: 64.
11. -ਉਹੀ-, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਦੀਪਕ ਪਬਲਿਸ਼ਰਜ਼, ਜਲੰਧਰ, 2002, ਪੰਨਾ: 97.
12. -ਉਹੀ-, ਜੁਗਨੂੰ, ਦੀਵਾ ਤੇ ਦਰਿਆ, ਦੀਪਕ ਪਬਲਿਸ਼ਰਜ਼, ਜਲੰਧਰ, 2000, ਪੰਨਾ: 70.
13. -ਉਹੀ-, ਅਧੂਰਾ ਆਦਮੀ, ਦੀਪਕ ਪਬਲਿਸ਼ਰਜ਼, ਜਲੰਧਰ,1996, ਪੰਨਾ: 68-69.
14. -ਉਹੀ-, ਜਜ਼ੀਰਿਆਂ ਵਿਚ ਘਿਰਿਆ ਸਮੁੰਦਰ, ਦੀਪਕ ਪਬਲਿਸ਼ਰਜ਼, ਜਲੰਧਰ, 2002, ਪੰਨਾ: 97.
15. -ਉਹੀ-, ਮੋਮ ਦੇ ਲੋਕ, ਦੀਪਕ ਪਬਲਿਸ਼ਰਜ਼, ਜਲੰਧਰ, 1997, ਪੰਨਾ: 92.



### *Cite this Article-*

*ਰਾਜਵੀਰ ਕੌਰ (Rajveer Kaur), ਡਾ. ਜਗਤਾਰ ਕਾਵਿ ਵਿਚ ਪੇਸ਼ ਮਾਨਵੀ ਸੰਤਾਪ (Dr. Jagatar Kav Vich Pesh Manvi Santap), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 47-51.*

*Journal URL: www.armaan.org.in*

*DOI: https://doi.org/10.64119/armaan.vol.3.issue4.09*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/